Tender Heart High School Sec-33B Chd

Class-7 — Ramandeep Kaur

ਵਚਨ — Page-1

ਵਿਦਿਆਰਥੀਓ ਇਸ ਹਫ਼ਤੇ ਅਸੀਂ ਵਿਆਕਰਣ ਭਾਗ ਵਿੱਚੋਂ ਵਚਨ ਦੇ ਨਿਯਮਾਂ ਬਾਰੇ ਵਿਚਾਰ ਕਰਾਂਗੇ। ਆਓ ਬਾਰੀ - ਬਾਰੀ ਇਹਨਾਂ ਨਿਯਮਾਂ ਨੂੰ ਵਿਚਾਰੀਏ।

I ਜਿਹਨਾਂ ਇੱਕਵਚਨ ਪੁਲਿੰਗ ਸ਼ਬਦਾਂ ਦੇ ਅੰਤ ਤੇ (ਾ) ਹੋਵੇ, ਉਸਦੀ ਥਾਂ (ੇ) ਲਗਾ ਕੇ ਬਹੁ - ਵਚਨ ਬਣਾਇਆ ਜਾਂਦਾ ਹੈ। ਜਿਵੇਂ — ਸੰਤਰਾ - ਸੰਤਰੇ, ਗਿੱਟਾ - ਗਿੱਟੇ, ਮੋਟਾ - ਮੋਟੇ ਆਦਿ ਹੋਰ ਸ਼ਬਦ ਪੰਨਾ - 39, 40 ਤੇ ਦਰਜ ਹਨ।

II ਜਿਹਨਾਂ ਇੱਕਵਚਨ ਇਸਤਰੀ - ਲਿੰਗ ਸ਼ਬਦਾਂ ਦੇ ਅਖੀਰ ਵਿੱਚ ਬਿਹਾਰੀ (ੀ) ਲੱਗੀ ਹੋਵੇ ਉਹਨਾਂ ਦਾ ਬਹੁ - ਵਚਨ ਬਣਾਉਣ ਲਈ ਅੰਤ ਤੇ 'ਆਂ' ਜੋੜਿਆ ਜਾਂਦਾ ਹੈ ਜਿਵੇਂ — ਅੱਡੀ - ਅੱਡੀਆਂ, ਸਹੇਲੀ - ਸਹੇਲੀਆਂ, ਮੱਧਣੀ - ਮੱਧਣੀਆਂ, ਰਾਖੀ - ਰਾਖੀਆਂ ਆਦਿ ਹੋਰ ਅਜਿਹੇ ਸ਼ਬਦ ਵਿਆਕਰਣ ਪੁਸਤਕ ਦੇ ਪੰਨਾ 40, 41, 42 ਤੇ ਦਰਜ ਹਨ।

III ਜਿਹਨਾਂ ਇੱਕਵਚਨ ਇਸਤਰੀ - ਲਿੰਗ ਸ਼ਬਦਾਂ ਦੇ ਅੰਤ ਤੇ ਮੁਕਤਾ ਅੱਖਰ ਹੋਵੇ ਉਹਨਾਂ ਦਾ ਬਹੁ - ਵਚਨ ਬਣਾਉਣ ਲਈ ਅੰਤ ਤੇ ਬਿੰਦੀ ਵਾਲਾ ਕੰਨਾ (ਾਂ) ਜੋੜਿਆ ਜਾਂਦਾ ਹੈ ਜਿਵੇਂ ਅੱਖ - ਅੱਖਾਂ, ਕਿਸ਼ਤ - ਕਿਸ਼ਤਾਂ, ਸੋਚ - ਸੋਚਾਂ, ਅਰਦਾਸ - ਅਰਦਾਸਾਂ, ਜੋਤ - ਜੋਤਾਂ ਆਦਿ।

Class -7 Ramandeep Kaur

ਵਚਨ Page.2

ਅਜਿਹੇ ਹੋਰ ਸ਼ਬਦ ਤੁਹਾਡੀ ਵਿਆਕਰਣ ਪੁਸਤਕ ਦੇ ਪੰਨਾ ਨੰਬਰ ੫੨, ੫੩ ਤੇ ਦਰਜ ਹਨ।

ਤੁਹਾਨੂੰ ਸਾਰਿਆਂ ਨੂੰ ਇੱਕਵਚਨ ਅਤੇ ਬਹੁ-ਵਚਨ ਰੂਪ ਬਾਰੇ ਤਾਂ ਪਤਾ ਹੈ ਪਰ ਉਪਰੋਕਤ ਵਿਚਾਰੇ ਗਏ ਨਿਯਮਾਂ ਆਪ ਸਿੱਖਣਾ ਲਾਜ਼ਮੀ ਹੈ। ਇਹਨਾਂ ਨਿਯਮਾਂ ਦੇ ਅਧਾਰ ਤੇ ਤੁਸੀਂ ਵਚਨ ਬਦਲੀ ਕਰਨ ਦਾ ਅਭਿਆਸ ਕਰਨਾ ਹੈ। ਪਾਠ ਦਾ ਸਾਰਾ ਅਭਿਆਸ ਜਮਾਤ ਵਿੱਚ ਵਿਚਾਰਿਆ ਜਾਵੇਗਾ।

ਧੰਨਵਾਦ

Last page